# ਦਫ਼ਤਰ ਜ਼ਿਲ੍ਹਾ ਸਿਖਿਆ ਅਫ਼ਸਰ (ਸਸ), ਬਠਿੰਡਾ

ਵੱਲ

ਸਮੂਹ ਪ੍ਰਿੰਸੀਪਲ / ਮੁੱਖ ਅਧਿਆਪਕ / ਪ੍ਰਬੰਧਕ ਕਮੇਟੀਆਂ,

ਸਮੂਹ ਸਰਕਾਰੀ ਸਹਾਇਤਾ ਪ੍ਰਾਪਤ (Aided), Unaided ਪ੍ਰਾਈਵੇਟ ਮਾਨਤਾ ਪ੍ਰਾਪਤ (PSEB), ਸੀ.ਬੀ.ਐੱਸ.ਈ. (CBSE)

ਅਤੇ ਆਈ.ਸੀ.ਐੱਸ.ਈ. (ICSE) ਸਕੂਲ,

ਜ਼ਿਲ੍ਹਾ ਬਠਿੰਡਾ। ਮਿਤੀ 04/06/2026

ਪੱਤਰ ਨੰ: spl/2026/22

**ਵਿਸ਼ਾ: ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਤੋਂ ਫੀਸਾਂ ਦੀ ਵਸੂਲੀ ਕਰਨ, ਸਾਲਾਨਾ ਫੀਸ ਵਾਧਾ ਸੀਮਾ ਲਾਗੂ ਕਰਨ, ਅਤੇ ਅਧਿਆਪਕਾਂ/ਸਟਾਫ਼ ਦੀਆਂ ਤਨਖਾਹਾਂ, ਈ.ਪੀ.ਐੱਫ. (EPF) ਕਟੌਤੀ ਸਮੇਤ ਹੋਰ ਵਿੱਤੀ ਨਿਯਮਾਂ ਦੀ ਇੰਨ-ਬਿੰਨ ਪਾਲਣਾ ਕਰਨ ਸੰਬੰਧੀ।**

ਉਪਰੋਕਤ ਵਿਸ਼ੇ ਦੇ ਸੰਦਰਭ ਵਿੱਚ ਜ਼ਿਲ੍ਹਾ ਬਠਿੰਡਾ ਦੇ ਅਧੀਨ ਆਉਂਦੇ ਸਮੂਹ ਸਰਕਾਰੀ ਸਹਾਇਤਾ ਪ੍ਰਾਪਤ (Aided), ਪ੍ਰਾਈਵੇਟ ਮਾਨਤਾ ਪ੍ਰਾਪਤ (PSEB), ਸੀ.ਬੀ.ਐੱਸ.ਈ. (CBSE) ਅਤੇ ਆਈ.ਸੀ.ਐੱਸ.ਈ. (ICSE) ਸਕੂਲ ਪ੍ਰਬੰਧਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸੰਸਥਾਵਾਂ ਵੱਲੋਂ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਅਮਨ-ਕਾਨੂੰਨ ਅਤੇ ਪਾਰਦਰਸ਼ਤਾ ਬਣਾਈ ਰੱਖਣ ਲਈ ਹੇਠ ਲਿਖੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਤੁਰੰਤ ਪ੍ਰਭਾਵ ਤੋਂ ਯਕੀਨੀ ਬਣਾਈ ਜਾਵੇ:

**1. ਫੀਸਾਂ ਦੀ ਨਿਯਮਤ ਵਸੂਲੀ ਅਤੇ ਸਾਲਾਨਾ ਵਾਧਾ:** ਸਮੂਹ ਗੈਰ-ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵੱਲੋਂ ਵਿਦਿਆਰਥੀਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਅਤੇ ਹੋਰ ਫੰਡ ਪੰਜਾਬ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਜਾਰੀ ਨੋਟੀਫਿਕੇਸ਼ਨਾਂ ਅਤੇ 'ਦਿ ਪੰਜਾਬ ਰੈਗੂਲੇਸ਼ਨ ਆਫ਼ ਫੀਸ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਐਕਟ' ਦੇ ਨਿਯਮਾਂ ਦੇ ਅਨੁਸਾਰ ਹੀ ਵਸੂਲ ਕੀਤੇ ਜਾਣ। ਹਰ ਸਾਲ ਫੀਸਾਂ ਵਿੱਚ ਕੀਤਾ ਜਾਣ ਵਾਲਾ ਵਾਧਾ ਸਰਕਾਰ ਵੱਲੋਂ ਨਿਰਧਾਰਿਤ ਪ੍ਰਤੀਸ਼ਤ (ਸੀਮਾ) ਤੋਂ ਕਿਸੇ ਵੀ ਸੂਰਤ ਵਿੱਚ ਵੱਧ ਨਹੀਂ ਹੋਣਾ ਚਾਹੀਦਾ।

**2. ਸਟਾਫ਼ ਦੀਆਂ ਤਨਖਾਹਾਂ, ਈ.ਪੀ.ਐੱਫ. (EPF) ਅਤੇ ਵਿੱਤੀ ਸੁਰੱਖਿਆ:** ਸਕੂਲਾਂ ਵਿੱਚ ਤੈਨਾਤ ਅਧਿਆਪਕਾਂ ਅਤੇ ਹੋਰ ਸਟਾਫ਼ ਦੇ ਸ਼ੋਸ਼ਣ ਨੂੰ ਰੋਕਣ ਲਈ, ਉਹਨਾਂ ਦੀ ਮਾਸਿਕ ਤਨਖਾਹ ਦੀ ਅਦਾਇਗੀ, ਬੈਂਕ ਖਾਤਿਆਂ ਰਾਹੀਂ ਸਮੇਂ ਸਿਰ ਯਕੀਨੀ ਬਣਾਈ ਜਾਵੇ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਯਮਤ ਈ.ਪੀ.ਐੱਫ. (EPF) ਦੀ ਕਟੌਤੀ ਕੀਤੀ ਜਾਵੇ। ਸਟਾਫ਼ ਤੋਂ ਬਿਨਾਂ ਵਜ੍ਹਾ ਐਡਵਾਂਸ ਤਨਖਾਹ ਰੱਖਣ (Salary Retention/Security Deposit) ਜਾਂ ਦੇਰੀ ਨਾਲ ਅਦਾਇਗੀ ਕਰਨ ਦੇ ਮਾਮਲਿਆਂ ਵਿੱਚ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ),

ਬਠਿੰਡਾ